ਡਾਇਰੈਕਟੋਰੇਟ
ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ,
ਐਸ.ਸੀ.ਓ. ਨੰ:-7, ਫੇਜ਼-1, ਐਸ.ਏ.ਐਸ. ਨਗਰ।

ਸੇਵਾ ਵਿਖੇ,

ਸਮੂਹ ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ,
ਪੰਜਾਬ ਰਾਜ।

ਪੱਤਰ ਨੰ: ਸ-17
ਮਿਤੀ, ਐਸ.ਏ.ਐਸ. ਨਗਰ/

ਵਿਸ਼ਾ: ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ ਸਕੀਮ ਅਧੀਨ ਜ਼ਿਲ੍ਹਾ ਪੱਧਰੀ ਕੈਂਪ ਲਗਾਉਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਭਾਰਤ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੀ ਅਦਾਇਗੀ ਉਨ੍ਹਾਂ ਦੇ ਆਧਾਰ ਸੀਡਡ ਬੈਂਕ ਖਾਤਿਆਂ ਵਿੱਚ ਕਰਵਾਈ ਜਾ ਰਹੀ ਹੈ ਪਰੰਤੂ ਸਾਲ 2022-23 ਅਤੇ 2023-24 ਦੇ ਕੁਝ ਵਿਦਿਆਰਥੀਆਂ ਦੇ ਬੈਂਕ ਖਾਤੇ ਆਧਾਰ ਸੀਡਡ ਨਾ ਹੋਣ ਕਾਰਨ ਉਨ੍ਹਾਂ ਨੂੰ ਅਦਾਇਗੀ ਕਰਨ ਵਿੱਚ ਦੇਰੀ ਹੋ ਰਹੀ ਹੈ। ਇਸ ਸਬੰਧੀ ਅੱਜ ਮਿਤੀ 21-01-2025 ਨੂੰ ਸ੍ਰੀ ਮੋਹਿਤ ਸ਼ਾਰਦਾ, ਸੀਨੀਅਰ ਮੈਨੇਜਰ, Indian Post Payment Bank (IPPB) ਨਾਲ ਮੀਟਿੰਗ ਕੀਤੀ ਗਈ, ਜਿਸ ਵਿੱਚ ਇਹ ਫੈਸਲਾ ਕੀਤਾ ਗਿਆ ਕਿ Indian Post Payment Bank (IPPB) ਮਿਤੀ 23-01-2025 ਅਤੇ 24-01-2025 ਨੂੰ ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰਾਂ ਨਾਲ ਤਾਲਮੇਲ ਕਰਕੇ ਕੈਂਪ ਲਗਵਾਏਗੀ। ਇਸ ਲਈ ਇਸ ਪੱਤਰ ਰਾਹੀਂ ਆਪ ਨੂੰ ਲਿਖਿਆ ਜਾਂਦਾ ਹੈ ਕਿ Indian Post Payment Bank (IPPB) ਦੇ ਨੋਡਲ ਅਫ਼ਸਰਾਂ ਨੂੰ ਵੱਧ ਤੋਂ ਵੱਧ ਸਹਿਯੋਗ ਦੇ ਕੇ ਇਹ ਕੈਂਪ ਲਗਵਾਏ ਜਾਣ ਤਾਂ ਜੋ ਵਿਦਿਆਰਥੀਆਂ ਦੇ ਬੈਂਕ ਖਾਤੇ ਆਧਾਰ ਸੀਡ ਕਰਵਾਏ ਜਾ ਸਕਣ ਜੀ।

ਨੋਡਲ ਅਫ਼ਸਰ (ਸਕੀਮ)

ਪਿੱਠ ਅੰਕਣ ਨੰ: ਸ-17-742-44 ਮਿਤੀ, ਐਸ.ਏ.ਐਸ. ਨਗਰ/ 21-01-2025

ਉਪਰੋਕਤ ਦਾ ਉਤਾਰਾ ਹੇਠ ਲਿਖੇ ਅਨੁਸਾਰ ਭੇਜਿਆ ਜਾਂਦਾ ਹੈ:-

1. ਪੀ. ਐਸ. ਟੂ ਮਾਨਯੋਗ ਡਾਇਰੈਕਟਰ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਜੀ ਨੂੰ ਸੂਚਨਾ ਹਿੱਤ ਜੀ।
2. ਚੀਫ ਮੈਨੇਜਰ, ਪੰਜਾਬ ਸਰਕਲ, ਇੰਡੀਅਨ ਪੋਸਟ ਪੇਮੈਂਟ ਬੈਂਕ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਜ਼ਿਲ੍ਹਾ ਮੈਨੇਜਰ, ਇੰਡੀਅਨ ਪੋਸਟ ਪੇਮੈਂਟ ਬੈਂਕ ਨੂੰ ਸਬੰਧਤ ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਨਾਲ ਤਾਲਮੇਲ ਕਰਕੇ ਕੈਂਪ ਲਗਾਉਣ ਲਈ ਪਾਬੰਦ ਕਰਨ।
3. ਸਮੂਹ ਨੋਡਲ ਅਫ਼ਸਰ, ਲਾਗੂਕਰਤਾ ਵਿਭਾਗ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਹ ਆਪਣੇ ਅਧੀਨ ਆਉਂਦੀਆਂ ਸਮੂਹ ਸੰਸਥਾਵਾਂ ਨੂੰ ਹਦਾਇਤ ਕਰਨ ਕਿ ਜਿਹੜੇ ਵਿਦਿਆਰਥੀਆਂ ਦੇ ਬੈਂਕ ਖਾਤੇ ਆਧਾਰ ਸੀਡਡ ਨਹੀਂ ਹਨ, ਉਹ ਕੈਂਪ ਵਿੱਚ ਭਾਗ ਲੈਣਾ ਯਕੀਨੀ ਬਣਾਉਣ।

21/01/2025
ਨੋਡਲ ਅਫ਼ਸਰ (ਸਕੀਮ)

Scanned with OKEN Scanner

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ), ਬਠਿੰਡਾ।

ਪਿੱਠ ਅੰਕਣ ਨੰ: ਸੀ-5/1(7)/2025/21 ਮਿਤੀ 21-01-2025

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪ੍ਰੀਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ 2022-23 ਅਤੇ 2023-24 ਅਧੀਨ ਬਹੁਤ ਸਾਰੇ ਵਿਦਿਆਰਥੀਆਂ ਦੀ ਆਧਾਰ ਸੀਡਿੰਗ ਪੈਂਡਿੰਗ ਹੈ। ਜੋ ਵਿਦਿਆਰਥੀਆਂ ਦੇ ਖਾਤੇ ਨਵੇਂ ਖੁਲਵਾਏ ਜਾਣ ਤਾਂ ਜੋ ਉਹਨਾਂ ਦੀ ਆਧਾਰ ਸੀਡਿੰਗ ਹੋ ਸਕੇ। ਇਸ ਸਬੰਧੀ IPPB (India Post Payment Bank) ਦੇ ~~Mang~~ Manager ਸ. ਹਰਪ੍ਰੀਤ ਸਿੰਘ (82838-80844) ਨਾਲ ਸਬੰਧਤ ਸਕੂਲ ਤਾਲਮੇਲ ਕਰਕੇ ਸਕੂਲ ਵਿੱਚ ਕੈਂਪ ਲਗਵਾਉਣਗੇ। ਉਪਰੋਕਤ ਪੱਤਰ ਵਿੱਚ ਦਰਜ ਮਿਤੀਆਂ 23-01-25 ਅਤੇ 24-01-25 ਨੂੰ ਕੈਂਪ ਲਗਵਾਉਣੇ ਯਕੀਨੀ ਬਣਾਏ ਜਾਣ। ਜੇਕਰ ਵਿਦਿਆਰਥੀ ਉਪਰੋਕਤ ਦਰਸਾਏ ਕੈਂਪ ਵਿੱਚ ਖਾਤਾ ਖੁਲਵਾਉਂਦਾ ਹੈ ਤਾਂ ਕੈਂਪ ਖਾਤਿਆਂ ਆਧਾਰ ਸੀਡਿੰਗ ਦੇ Process ਵਿੱਚ ਲੱਗਦਾ ਹੈ ਅਤੇ ਇਹ ਖਾਤਾ ਐਕਟਿਵ ਜਾਂਦਾ ਹੈ। ਜੋ ਸਬੰਧਤ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਵਿਦਿਆਰਥੀਆਂ ਦਾ ਨਾਮ ਵਾਰ-ਵਾਰ Adhar seeding Pending list ਵਿੱਚ ਆਉਂਦਾ ਹੈ ਉਹ ਉਪਰੋਕਤ ਮਿਤੀਆਂ ਵਿਚਕਾਰ ਵਿਦਿਆਰਥੀਆਂ ਦੇ ਨਵੇਂ ਖਾਤੇ ਖੁਲਵਾਉਣਾ ਯਕੀਨੀ ਬਣਾਉਣਗੇ। ਜੇਕਰ ਕੋਈ ਵੀ ਯੋਗ ਵਿਦਿਆਰਥੀ ਵਜੀਫੇ ਦੇ ਲਾਭ ਤੋਂ ਵਾਂਝਾ ਰਹਿੰਦਾ ਹੈ ਤਾਂ ਇਸਦੀ ਨਿਰੋਲ ਜਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ।

ਜ਼ਿਲ੍ਹਾ ਸਿੱਖਿਆ ਅਫਸਰ (ਸ)
ਬਠਿੰਡਾ
21/1/25